

ਸਰੀਰਕ ਮੌਤ ਤੋਂ ਮੈਂ ਨਹੀਂ ਡਰਦਾ,
ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।
-ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

# ਚੜ੍ਹਦੀ ਕਲਾ ਸੰਪਾਦਕੀ

---

### ਖਾਲਿਸਤਾਨ ਐਲਾਨ ਦਿਵਸ (29 ਅਪਰੈਲ 1986) ਦੀ 22ਵੀਂ ਵਰ੍ਹੇਗੰਢ ’ਤੇ ਵਿਸ਼ੇਸ਼

## “ਆਓ, ਖਾਲਿਸਤਾਨ ਦੀ ਆਜ਼ਾਦੀ ਲਈ ਜੂਝੀਏ”

29 ਅਪਰੈਲ 1986 ਦਾ ਦਿਨ ਇੱਕ ਇਤਿਹਾਸਕ ਦਿਨ ਹੈ, ਜਿਸ ਦਿਨ 26 ਜਨਵਰੀ, 1986 ਦੇ ਸਰਬੱਤ ਖਾਲਸੇ ਵਲੋਂ ਥਾਪੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਅਗਵਾਈ ਵਾਲੀ ਪੰਜ ਮੈਂਬਰੀ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕਰਕੇ ਅੰਤਰਰਾਸ਼ਟਰੀ ਹਲਚਲ ਮਚਾ ਦਿੱਤੀ ਸੀ। ਜੂਨ ’84 ਦੇ ਘੱਲੂਘਾਰੇ ਨੇ ਸਿੱਖ ਮਾਨਸਿਕਤਾ ਨੂੰ ਬੜੀ ਬੁਰੀ ਤਰ੍ਹਾਂ ਜ਼ਖਮੀ ਕੀਤਾ ਸੀ ਅਤੇ ਰੋਹ ਵਿੱਚ ਭਰੀ ਹੋਈ ਸਿੱਖ ਕੌਮ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਦਰਸਾਏ ਰਸਤੇ ’ਤੇ ਚੱਲਣ ਲਈ ਤੱਤਪਰ ਸੀ। ਗੁਰਧਾਮਾਂ ’ਤੇ ਫੌਜੀ ਹਮਲੇ ਦੀ ਸੂਰਤ ਵਿੱਚ ਖਾਲਿਸਤਾਨ ਦੀ ਨੀਂਹ ਰੱਖਣ ਦਾ ਜ਼ਿਕਰ ਉਨ੍ਹਾਂ ਕੀਤਾ ਹੋਇਆ ਸੀ। ਸੋ ਪੰਥਕ ਕਮੇਟੀ ਦਾ ਦਿਸ਼ਾ ਨਿਰਦੇਸ਼ ਸੰਤਾਂ ਦੇ ਆਸ਼ੇ ਅਨੁਸਾਰ ਹੀ ਸੀ। ਖਾਲਿਸਤਾਨ ਐਲਾਨ ਦੀ 22ਵੀਂ ਵਰ੍ਹੇਗੰਢ ਮੌਕੇ ’ਤੇ ਜਿੱਥੇ ਅਸੀਂ ਖਾਲਿਸਤਾਨ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹਾਂ ਉੱਥੇ ਪਿਛਲੇ ਵਰ੍ਹਿਆਂ ਵਿੱਚ ਖਾਲਿਸਤਾਨੀ ਲਹਿਰ ਦੀਆਂ ਪ੍ਰਾਪਤੀਆਂ, ਘਾਟਿਆਂ ’ਤੇ ਵੀਚਾਰ ਕਰਨੀ ਵੀ ਲਾਹੇਵੰਦ ਹੋਵੇਗੀ।

ਇਨ੍ਹਾਂ 22 ਵਰ੍ਹਿਆਂ ਦੇ ਅਰਸੇ ਵਿੱਚ ਡੇਢ ਲੱਖ ਤੋਂ ਜ਼ਿਆਦਾ ਸਿੰਘ-ਸਿੰਘਣੀਆਂ ਨੇ ਜਾਮ-ਏ-ਸ਼ਹਾਦਤ ਪੀਤਾ ਹੈ। ਕੀ ਇਹਨਾਂ ਦੀਆਂ ਕੁਰਬਾਨੀਆਂ ਨੇ ਕੋਈ ਰੰਗ ਨਹੀਂ ਲਿਆਂਦਾ? ਵੀਚਰਵਾਨ ਵੀਚਾਰ ਕਰਦੇ ਹਨ – ਬਿਬੇਕਹੀਣ ਪ੍ਰਾਪੇਗੰਡੇ ਵਿੱਚ ਯਕੀਨ ਰੱਖਦੇ ਹਨ! ਸਾਨੂੰ ਆਪਣੀ ਤਾਕਤ ਦਾ ਸ਼ਾਇਦ ਅਹਿਸਾਸ ਨਾ ਹੋਵੇ ਪਰ ਸਾਡਾ ਦੁਸ਼ਮਣ ਸਾਡੀ ਤਾਕਤ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਕੀ ਅੱਜ ਤੋਂ 22 ਵਰ੍ਹੇ ਪਹਿਲਾਂ ਇਹ ਸੋਚਿਆ ਜਾ ਸਕਦਾ ਸੀ ਕਿ ਕੋਈ ਪਗੜੀਧਾਰੀ ਭਾਰਤ ਦਾ ਪ੍ਰਧਾਨ ਮੰਤਰੀ ਬਣਾਇਆ ਜਾ ਸਕਦਾ ਹੈ ਜਾਂ ਕੋਈ ਪਗੜੀਧਾਰੀ ਭਾਰਤੀ ਫੌਜ ਦਾ ਜਰਨੈਲ ਬਣਾਇਆ ਜਾ ਸਕਦਾ ਹੈ? ਭਾਵੇਂ ਪ੍ਰਧਾਨ ਮੰਤਰੀ ਮਨਮੋਹਣ ਸਿੰਘ ਤੇ ਫੌਜੀ ਮੁਖੀ ਜਨਰਲ ਜੇ. ਜੇ. ਸਿੰਘ ਭਾਰਤ ਦੇ ਬ੍ਰਾਹਮਣਵਾਦੀ ਸਿਸਟਮ ਦੇ ਦੁਮਛੱਲਿਆਂ ਤੋਂ ਵੱਧ ਕੋਈ ਹੈਸੀਅਤ ਨਹੀਂ ਰੱਖਦੇ ਅਤੇ ਸਾਡੇ ਲਈ ਕਿਸੇ ਕੰਮ ਦੇ ਨਹੀਂ ਪਰ ਸਿੱਖ ਸ਼ਕਲ ਸੂਰਤ ਵਾਲਿਆਂ ਨੂੰ ਅੱਗੇ ਲਾਉਣਾ ਭਾਰਤੀ ਹਾਕਮਾਂ ਦੀ ‘ਮਜ਼ਬੂਰੀ’ ਹੈ ਤਾਂ ਕਿ ਖਾਲਿਸਤਾਨ ਦੀ ਲਹਿਰ ਨੂੰ ਭੰਬਲਭੂਸੇ ਵਿੱਚ ਪਾਇਆ ਜਾ ਸਕੇ। ਹੁਣ ਕੇਂਦਰ ਵਿੱਚ ‘ਕੁਲੀਸ਼ਨ’ ਸਰਕਾਰਾਂ ਹੀ ਬਣਦੀਆਂ ਹਨ (ਭਾਵੇਂ ਪਿਛਲੀ ਬੀਜੇਪੀ ਦੀ ਅਗਵਾਈ ਵਾਲੀ 21 ਪਾਰਟੀਆਂ ਦੀ ਸਰਕਾਰ ਸੀ ਜਾਂ ਅਜੋਕੀ ਕਾਂਗਰਸ ਦੀ ਅਗਵਾਈ ਵਾਲੀ ਮਿਲੀ ਜੁਲੀ ਸਰਕਾਰ ਹੈ), ਜਿਹਨਾਂ ਨੂੰ ਬਣਾਉਣ ਵਿੱਚ ‘ਤਾਕਤ ਦਾ ਤਰਾਜ਼ੂ’ ਹਮੇਸ਼ਾ ਖੇਤਰੀ ਪਾਰਟੀਆਂ ਦੇ ਹੱਥ ਹੁੰਦਾ ਹੈ।

ਹਕੀਕਤ ਇਹ ਹੈ ਕਿ ‘ਹਿੰਦੂਤਵ’ ਦੀਆਂ ਏ ਅਤੇ ਬੀ ਟੀਮਾਂ (ਬੀਜੇਪੀ ਅਤੇ ਕਾਂਗਰਸ) ਦਾ ਭਾਰਤੀ ਰਾਜਨੀਤੀ ਤੇ ‘ਏਕਾਧਿਕਾਰ’ (ਮੋਨੋਪਲੀ) ਖਤਮ ਹੋ ਚੁੱਕਾ ਹੈ ਅਤੇ ਅੱਜਕੱਲ੍ਹ ਦੌਰ ਖੇਤਰੀ ਪਾਰਟੀਆਂ ਦਾ ਹੈ। ਕੀ ਇੰਦਰਾ ਗਾਂਧੀ ਦੀ ਸ਼ਕਤੀ ਨੂੰ ਤੋੜਕੇ ਇਸ ‘ਖੇਤਰੀਵਾਦ’ ਦੇ ਯੁੱਗ ਦੀ ਅਰੰਭਤਾ ਕਰਨ ਵਿੱਚ ‘ਮੁੱਖ ਰੋਲ’ ਸਿੱਖ ਯੋਧਿਆਂ ਦਾ ਨਹੀਂ ਹੈ?

ਪਿਛਲੇ ਵਰ੍ਹਿਆਂ ਵਿੱਚ ਭਾਰਤੀ ਨਕਸ਼ੇ ਦੀ ਕੈਦ ਵਿਚਲਾ ਦਲਿਤ ਵਰਗ, ਬ੍ਰਾਹਮਣਵਾਦ ਦੇ ਖਿਲਾਫ ਖੜ੍ਹਾ ਹੋਇਆ ਹੈ। ਅੱਜ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣਵਾਦ ਦਾ ਸਤਾਇਆ ਦਲਿਤ, ਪਹਿਲਾਂ ਦਲਿਤ ਦੇ ਤੌਰ ’ਤੇ ਸੋਚਦਾ ਹੈ – ਫੇਰ ਉਸ ਦੀ ਕੋਈ ਪਾਰਟੀ ਹੈ। ਇਹ ਉਲਟੀ ਗੰਗਾ ਵਗਾਉਣ ਵਾਲਾ ਕੌਣ ਹੈ? ਠੀਕ ਹੈ, ਖਾਲਿਸਤਾਨ ਲਹਿਰ ਵਿੱਚ ਸਰਕਾਰੀ ਨੀਤੀ ਅਨੁਸਾਰ ਲੁਟੇਰਿਆਂ ਦੀ ਘੁਸਪੈਠ ਨੇ ਲਹਿਰ ਨੂੰ ਨੁਕਸਾਨ ਵੀ ਪਹੁੰਚਾਇਆ ਤੇ ਲੋਕਾਂ ਨੂੰ ਬੇਦਿਲ ਵੀ ਕੀਤਾ ਪਰ ਕੀ ਇਸ ਦੌਰ ਵਿੱਚ ਸੱਚੇ-ਸੁੱਚੇ ਕੌਮੀ ਪ੍ਰਵਾਨਿਆਂ ਦੀ ਕੋਈ ਕਮੀ ਰਹੀ ਹੈ? ਪ੍ਰਾਪਤੀਆਂ ਨੂੰ ਛੁਟਿਆਉਣ ਤੇ ਕਮਜ਼ੋਰੀਆਂ ਨੂੰ ਪਹਾੜ ਬਣਾ ਕੇ ਵੇਖਣਾ, ਇਹ-ਬੇਈਮਾਨ ਬੁੱਧੀਜੀਵੀਆਂ ਦੇ ਲੱਛਣ ਹਨ, ਸਚਿਆਰੇ ਗੁਰਸਿੱਖਾਂ ਦੇ ਨਹੀਂ!

ਖਾਲਿਸਤਾਨ ਐਲਾਨ ਨਾਲ ਸ਼ੁਰੂ ਹੋਏ ਸੰਘਰਸ਼ ਤੋਂ ਬਾਅਦ ਕਸ਼ਮੀਰ, ਅਸਾਮ, ਨਾਗਾਲੈਂਡ, ਮਨੀਪੁਰ, ਮਿਜ਼ੋਰਮ ਆਦਿ ਭਾਰਤ ਦੇ ਅੱਠ ਸੂਬਿਆਂ ਵਿੱਚ ਹਥਿਆਰਬੰਦ ਸੰਘਰਸ਼ ਨੇ ਜ਼ੋਰ ਫੜਿਆ। ਆਂਧਰਾ ਪ੍ਰਦੇਸ਼, ਬੰਗਾਲ, ਕਰਨਾਟਕਾ, ਬਿਹਾਰ, ਛੱਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼, ਉੜੀਸਾ, ਮਹਾਰਾਸ਼ਟਰਾ ਆਦਿ ਪ੍ਰਾਂਤਾਂ ਵਿੱਚ ਨਕਸਲਬਾੜੀ ਲਹਿਰ ਮੁੜ ਜ਼ੋਰ ਫੜ੍ਹ ਰਹੀ ਹੈ। ਭਾਰਤ ਦੀਆਂ ਆਪਣੀਆਂ ਖੁਫੀਆ ਏਜੰਸੀਆਂ ਦੀਆਂ ਰਿਪੋਰਟਾਂ ਅਨੁਸਾਰ ਨਕਸਲਵਾੜੀਆਂ ਕੋਲ 50 ਹਜ਼ਾਰ ਤੋਂ ਜ਼ਿਆਦਾ ਟਰੇਂਡ ਹਥਿਆਰਬੰਦ ਗੁਰੀਲੇ ਹਨ। ਨਕਸਲਵਾੜੀਆਂ ਵਿੱਚ ਬਹੁਗਿਣਤੀ ਜ਼ਮੀਨ-ਰਹਿਤ ਦਲਿਤਾਂ ਅਤੇ ਆਦਿਵਾਸੀਆਂ ਦੀ ਹੈ, ਜਿਹੜੇ ਸਦੀਆਂ ਤੋਂ ਬ੍ਰਾਹਮਣਵਾਦ ਦੀ ਵਿਚਾਰਧਾਰਾ ਦੇ ਸਤਾਏ ਹੋਏ ਹਨ। ਨੇਪਾਲ ਵਿੱਚ ਮਾਓਵਾਦੀਆਂ ਦੀ ਸਰਕਾਰ ਬਣਨ ਨਾਲ, ਨਕਸਲਵਾਦੀ ਪੂਰੇ ਹੌਂਸਲੇ ਵਿੱਚ ਹੋ ਗਏ ਹਨ। 14 ਅਪਰੈਲ ਦੀਆਂ ਮੀਡੀਆ ਰਿਪੋਰਟਾਂ ਅਨੁਸਾਰ, ਨਕਸਲਵਾਦੀਆਂ ਨੇ ਬਿਹਾਰ ਸਟੇਟ ਦੇ ਝਾਜਾ ਰੇਲਵੇ ਸਟੇਸ਼ਨ 'ਤੇ ਹਮਲਾ ਕਰਕੇ, ਪੰਜ ਸੁਰੱਖਿਆ ਕਰਮੀਆਂ ਨੂੰ ਮਾਰ ਮੁਕਾਇਆ ਅਤੇ ਜਾਣ ਲੱਗਿਆਂ ਉਨ੍ਹਾਂ ਦੇ ਹਥਿਆਰ ਵੀ ਲੈ ਗਏ। ਇਹ ਇਵੇਂ ਹੀ ਹੈ, ਜਿਵੇਂ ਨਕਸਲੀਆਂ ਨੇ ਕਾਮਰੇਡ ਪ੍ਰਚੰਡਾ ਨੂੰ 'ਲਾਲ ਸਲਾਮ' ਭੇਜੀ ਹੋਵੇ।

ਲੰਡਨ ਦੀ ਪ੍ਰਸਿੱਧ ਅਖਬਾਰ 'ਇਕੌਨੋਮਿਸਟ' ਨੇ ਨੇਪਾਲ ਚੋਣ ਨਤੀਜਿਆਂ ਨੂੰ 'ਭਾਰਤ ਲਈ ਇੱਕ ਖੌਫਨਾਕ ਸੁਪਨਾ' ਦੱਸਦਿਆਂ ਕਿਹਾ ਹੈ ਕਿ ਭਾਰਤੀ ਨੀਤੀ ਘਾੜਿਆਂ ਨੂੰ ਇਹੋ ਜਿਹੇ ਨਤੀਜਿਆਂ ਦੀ ਕਦੀ ਸੁਪਨੇ ਵਿੱਚ ਵੀ ਆਸ ਨਹੀਂ ਹੋਵੇਗੀ। ਭਾਰਤ ਦੀ ਪ੍ਰਸਿੱਧ ਅਖਬਾਰ 'ਟਾਈਮਜ਼ ਆਫ ਇੰਡੀਆ' ਨੇ ਵੀ ਨੇਪਾਲ ਦੇ ਚੋਣ ਨਤੀਜਿਆਂ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਹੈ ਕਿ – 'ਮਾਓਵਾਦੀਆਂ ਦੀ ਜਿੱਤ ਨਾਲ, ਭਾਰਤ ਸਰਕਾਰ ਸਾਂਝੇ ਸਦਮੇ ਵਿੱਚ ਹੈ। ਪਰ ਭਾਰਤ ਦੀ ਵਿਦੇਸ਼ ਨੀਤੀ ਘੜਨ ਵਾਲਿਆਂ ਨੂੰ ਨੇਪਾਲ ਦੀ ਅੰਦਰੂਨੀ ਸਥਿਤੀ ਦੀ ਠੀਕ ਸਮਝ ਹੋਣੀ ਚਾਹੀਦੀ ਸੀ। ਹੁਣ ਨੇਪਾਲ ਦੇ ਦਿਲ ਤੇ ਦਿਮਾਗ ਲਈ ਕਬਜ਼ਾ – ਦੌੜ ਵਿੱਚ ਭਾਰਤ ਦਾ ਮੁਕਾਬਲਾ ਚੀਨ ਨਾਲ ਹੈ।

ਯੂ. ਪੀ. ਅਤੇ ਬਿਹਾਰ ਵਿੱਚ ਦਲਿਤਾਂ ਤੇ ਪਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਪਾਰਟੀਆਂ ਨੇ ਕਾਂਗਰਸ -ਬੀ. ਜੇ. ਪੀ. ਬ੍ਰਾਂਡ ਬ੍ਰਾਹਮਣਵਾਦੀ ਪਾਰਟੀਆਂ ਨੂੰ ਧੋਬੀ ਪਟਕਾ ਮਾਰ ਕੇ ਚਿੱਤ ਕੀਤਾ ਹੈ। ਯੂ. ਪੀ. ਵਿੱਚ ਬੀ. ਜੇ. ਪੀ. ਤੇ ਕਾਂਗਰਸ ਵਲੋਂ ਦਲਿਤਾਂ ਦੀ ਸਰਦਾਰੀ ਕਬੂਲਣਾ ਕੋਈ ਛੋਟੀ ਘਟਨਾ ਨਹੀਂ ਹੈ। ਬਹੁਜਨ ਸਮਾਜ ਪਾਰਟੀ ਦੀ ਪ੍ਰਧਾਨ ਮਾਇਆਵਤੀ ਹੁਣ ਪ੍ਰਧਾਨ ਮੰਤਰੀ ਦੀ ਕੁਰਸੀ 'ਤੇ ਸ਼ੁਸ਼ੋਭਿਤ ਹੋਣ ਲਈ ਬੇਚੈਨ ਹੈ। ਯੂ. ਪੀ. ਦੇ 'ਬ੍ਰਾਹਮਣ' ਅੱਜਕੱਲ੍ਹ ਉਸਦੀ ਅਰਦਲ ਵਿੱਚ ਹਨ। ਭਾਵੇਂ ਬਿਹਾਰ ਵਿੱਚ ਬ੍ਰਾਹਮਣਵਾਦੀ ਪਾਰਟੀਆਂ ਤੇ ਮੀਡੀਏ ਨੇ ਰਲ ਕੇ ਰਾਬੜੀ ਦੇਵੀ ਦੀ ਸਰਕਾਰ ਬਦਲ ਦਿੱਤੀ ਹੈ ਪਰ ਇੱਕ ਦਲਿਤ ਨਿਤੀਸ਼ ਕੁਮਾਰ ਨੂੰ ਮੁੱਖ ਮੰਤਰੀ ਕਬੂਲਣਾ, ਬੀਜੇਪੀ ਦੀ ਮਜ਼ਬੂਰੀ ਬਣ ਗਿਆ। ਅਜੇ ਵੀ, ਬਿਹਾਰ ਦਾ ਲਾਲੂ ਪ੍ਰਸਾਦ ਯਾਦਵ ਬ੍ਰਾਹਮਣਵਾਦੀਆਂ ਦੇ ਦਿਲਾਂ ਦਾ ਨਾਸੂਰ ਫੋੜਾ ਬਣਿਆ ਹੋਇਆ ਹੈ। ਸੋਵੀਅਤ ਯੂਨੀਅਨ ਦੇ 1992 ਵਿੱਚ ਖੇਰੂੰ-ਖੇਰੂੰ ਹੋਣ ਤੋਂ ਬਾਅਦ ਸਾਊਥ ਏਸ਼ੀਆ ਵਿੱਚ ਭਾਰਤ ਦੀ ਹੋਂਦ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਕੁਝ ਵਰ੍ਹੇ ਪਹਿਲਾਂ ਅਮਰੀਕਾ ਦੀ ਖੁਫੀਆ ਏਜੰਸੀ ਸੀ. ਆਈ. ਏ. ਵਲੋਂ ਜਾਰੀ ਇੱਕ ਰਿਪੋਰਟ ਵਿੱਚ ਭਵਿੱਖ ਵਿੱਚ ਟੁੱਟਣ ਵਾਲੇ ਦੇਸ਼ਾਂ ਵਿੱਚ ਭਾਰਤ ਨੂੰ ਸ਼ਾਮਲ ਕੀਤਾ ਗਿਆ ਸੀ। ਹੁਣ ਤਾਂ ਖੁਸ਼ਵੰਤ ਸਿੰਘ ਵਰਗਾ ਭਾਰਤ ਦਾ ਪਿੱਠੂ ਵੀ 'ਭਾਰਤ ਦੀ ਮੌਤ' ਵਰਗੇ ਕਿਤਾਬ ਦੇ ਟਾਈਟਲ ਨਾਲ ਭਾਰਤ ਦੇ ਅੰਤ ਦਾ ਘੋਰੜੂ ਵੱਜਣ ਦੀ ਪੇਸ਼ਨਗੋਈ ਕਰ ਚੁੱਕਾ ਹੈ। ਕਦੇ ਜਿਵੇਂ ਆਨੰਦਪੁਰ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਿੱਲੀ ਦੇ ਔਰੰਗਜ਼ੇਬੀ ਨਿਜ਼ਾਮ ਦੇ ਖਿਲਾਫ ਸੰਘਰਸ਼ ਸ਼ੁਰੂ ਕੀਤਾ ਸੀ ਅਤੇ ਉਸ ਤੋਂ ਪ੍ਰੇਰਨਾ ਲੈ ਕੇ ਬਾਅਦ ਵਿੱਚ ਭਾਰਤ ਭਰ ਵਿੱਚ ਬਗਾਵਤਾਂ ਉੱਠ ਖੜ੍ਹੀਆਂ ਸਨ, ਜਿਨ੍ਹਾਂ ਨੇ ਅਖੀਰ ਵਿੱਚ ਮੁਗਲੀਆ ਸਲਤਨਤ ਦੀ ਸਫ ਵਲੇਟ ਦਿੱਤੀ ਸੀ, ਉਵੇਂ ਹੀ ਖਾਲਸਾ ਪੰਥ ਨੇ ਖਾਨਦਾਨੀ ਬਾਦਸ਼ਾਹਤ ਰਾਹੀਂ ਸਥਾਪਤ ਇੰਦਰਾ ਗਾਂਧੀ ਦੀ ਤਾਨਾਸ਼ਾਹ ਹਕੂਮਤ ਨੂੰ ਚੈਲਿੰਜ ਕੀਤਾ ਤੇ ਇਉਂ ਭਾਰੀ ਕੁਰਬਾਨੀਆਂ ਦੇ ਕੇ ਭਾਰਤ ਵਿਚਲੀਆਂ ਦੂਸਰੀਆਂ ਦੱਬੀਆਂ ਕੁਚਲੀਆਂ ਕੌਮਾਂ ਤੇ ਤਹਿਰੀਕਾਂ ਨੂੰ ਉਤਸ਼ਾਹਿਤ ਕੀਤਾ ਹੈ ਕਿ ਉਹ ਆਪਣੇ ਹੱਕ ਮੰਗਣ।

ਅੱਜ ਭਾਰਤ ਦਾ ਅਖੌਤੀ ਲੋਕਤੰਤਰੀ ਚਿਹਰਾ ਅੰਤਰਰਾਸ਼ਟਰੀ ਭਾਈਚਾਰੇ ਦੀ ਕਚਹਿਰੀ ਵਿੱਚ ਇੱਕ ਖੂੰਨੀ ਦਰਿੰਦਗੀ ਵਾਲੇ ਚਿਹਰੇ ਦੀ ਪਛਾਣ ਰੱਖਦਾ ਹੈ। ਜਿੱਥੇ ਭਾਰਤੀ ਉਪ ਮਹਾਂਦੀਪ ਵਿਚਲੀ ਸਿੱਖ ਕੌਮ ਨੇ ਇਸ ਅਰਸੇ ਅੰਦਰ ਬਹੁਤ ਕਸ਼ਟ ਭੋਗੇ ਹਨ, ਉਥੇ ਪਰਦੇਸੀ ਖਾਲਸਾ ਜੀ ਨੇ ਵੀ ਆਪਣੇ ਵਿੱਤ ਅਨੁਸਾਰ ਇਸ ਵਿੱਚ ਸ਼ਲਾਘਾਯੋਗ ਹਿੱਸਾ ਪਾਇਆ ਹੈ। ਕਦੇ ਗਦਰ ਲਹਿਰ ਦੇ 'ਬਾਬਿਆਂ' ਨੇ ਨਾਰਥ ਅਮਰੀਕਾ ਦੀ ਧਰਤੀ ਤੋਂ ਵਾਪਸ ਜਾ ਕੇ, ਭਾਰਤ ਵਿੱਚੋਂ ਫਿਰੰਗੀ ਦਾ ਰਾਜ ਸਮਾਪਤ ਕਰਨ ਲਈ ਗਦਰ ਦੀਆਂ ਗੂੰਜਾਂ ਪਈਆਂ ਸਨ। ਉਹਨਾਂ ਦੀਆਂ ਕੁਰਬਾਨੀਆਂ ਨੇ ਸਾਹ-ਸੱਤ ਹੀਣ ਭਾਰਤੀਆਂ ਵਿੱਚ ਇੱਕ ਨਵੀਂ ਰੂਹ ਫੂਕੀ ਸੀ। ਇਵੇਂ ਹੀ ਖਾਲਿਸਤਾਨ ਦੀ ਲਹਿਰ ਦਾ ਧੁਰਾ ਭਾਵੇਂ ਪੰਜਾਬ ਦੀ ਧਰਤੀ 'ਤੇ ਲਹੂ ਡੋਲ੍ਹਵੀਂ ਲੜਾਈ ਲੜਨ ਵਾਲੇ ਖਾਲਿਸਤਾਨੀ ਯੋਧੇ ਹਨ ਪਰ ਭਾਰਤੀ ਜ਼ੁਲਮਾਂ ਦੀ ਕਹਾਣੀ ਨੂੰ ਬਾਹਰ ਲਿਆਉਣ ਵਿੱਚ ਪਰਦੇਸੀ ਖਾਲਸਾ ਜੀ ਨੇ ਕੇਂਦਰੀ ਰੋਲ ਅਦਾ ਕੀਤਾ ਹੈ। ਜੂਨ-84 ਵਿੱਚ ਭਾਰਤੀ ਫੌਜ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਅਤੇ 37 ਹੋਰ ਇਤਿਹਾਸਕ ਗੁਰਦੁਆਰਿਆਂ 'ਤੇ ਕੀਤੇ ਗਏ ਟੈਂਕਾਂ-ਤੋਪਾਂ ਦੇ ਹਮਲੇ ਦੇ ਰੋਸ ਵਜੋਂ ਦੁਨੀਆਂ ਭਰ ਵਿੱਚ ਬੈਠੇ ਸਿੱਖ ਉੱਠ ਖੜ੍ਹੇ ਸਨ। ਭਾਰਤੀ ਖੁਫੀਆ ਏਜੰਸੀਆਂ ਵਲੋਂ ਏਅਰ ਇੰਡੀਆ ਦਾ 'ਹਾਦਸਾ' ਕਰਵਾ ਕੇ, ਉਸ ਵਿਚਲੇ 329 ਮੁਸਾਫਰਾਂ ਨੂੰ ਮਾਰ ਮੁਕਾਉਣਾ ਅਤੇ ਇਸਨੂੰ ਅਖੌਤੀ 'ਸਿੱਖ ਦਹਿਸ਼ਤਗਰਦੀ' ਦੇ ਖਾਤੇ ਵਿੱਚ ਪਾਉਣਾ – ਬਾਹਰਲੇ ਸਿੱਖਾਂ ਨੂੰ 'ਬਦਨਾਮ' ਕਰਨ ਦੀ ਕੋਝੀ ਸਾਜ਼ਿਸ਼ ਸੀ। ਪਰ 20 ਸਾਲ ਦੀ ਲਗਾਤਾਰ ਕਾਨੂੰਨੀ ਲੜਾਈ ਤੋਂ ਬਾਅਦ, ਸਿੱਖ ਕੌਮ ਇਸ ਵਿੱਚੋਂ ਸੁਰਖਰੂ ਹੋ ਕੇ ਨਿਕਲੀ ਅਤੇ ਸ਼ੱਕ ਦੀ ਸੂਈ, ਅਸਲੀ ਕਾਤਲ-ਭਾਰਤ ਸਰਕਾਰ 'ਤੇ ਕੇਂਦਰਤ ਹੋਈ। ਇਸੇ ਤਰ੍ਹਾਂ ਅਮਰੀਕਾ ਦੀਆਂ ਸਿੱਖ ਸੰਸਥਾਵਾਂ ਅਤੇ ਗੁਰਦੁਆਰਾ ਕਮੇਟੀਆਂ ਨੇ ਈਸਾਈ, ਮੁਸਲਮਾਨ, ਦਲਿਤ ਜਥੇਬੰਦੀਆਂ ਦੇ ਨਾਲ ਰਲਕੇ, ਜਿਵੇਂ ਗੁਜਰਾਤੀ ਹਿਟਲਰ, ਨਰਿੰਦਰ ਮੋਦੀ ਦੇ ਅਮਰੀਕਾ ਦਾਖਲੇ 'ਤੇ ਪਾਬੰਦੀ ਲਵਾਈ, ਇਹ ਭਾਰਤੀ ਨਕਸ਼ੇ ਦੀ ਕੈਦ ਤੋਂ ਬਾਹਰ ਬੈਠੇ 30 ਲੱਖ ਸਿੱਖਾਂ ਦੀ ਤਾਕਤ ਦਾ

ਮੁਜ਼ਾਹਰਾ ਹੈ। ਇਸੇ ਬਿਨਾ 'ਤੇ ਸਿੱਖ ਕੌਮ ਨੇ ਜਗਦੀਸ਼ ਟਾਈਟਲਰ, ਕਮਲ ਨਾਥ, ਸੱਜਣ ਕੁਮਾਰ ਵਰਗਿਆਂ ਨੂੰ ਨਵੰਬਰ 1984 ਦੇ ਸਿੱਖ ਕਤਲੇਆਮ ਲਈ ਸਜ਼ਾਵਾਂ ਦਿਵਾਉਣ ਲਈ ਜ਼ੋਰਦਾਰ ਲਾਮਬੰਦੀ ਅਰੰਭੀ ਹੋਈ ਹੈ। 'ਸਿੱਖਜ਼ ਫਾਰ ਜਸਟਿਸ' ਜਥੇਬੰਦੀ ਦੀ ਇਸ ਵਿੱਚ ਵਿਸ਼ੇਸ਼ ਭੂਮਿਕਾ ਹੈ। ਅਠਾਰਵੀਂ ਸਦੀ ਦੇ ਬਿਖੜੇ ਸਮੇਂ ਸਿੰਘ ਹਜ਼ਾਰਾਂ ਵਿੱਚ ਸਨ ਤੇ ਕੇਵਲ ਇੱਕ ਥਾਂ ਨਾਲ ਹੀ ਜੁੜੇ (ਪੰਜਾਬ ਜਾਂ ਬੀਕਾਨੇਰ) ਹੋਏ ਸਨ। ਪਰ ਅੱਜ ਅਸੀਂ ਕਰੋੜਾਂ ਵਿੱਚ ਹਾਂ ਅਤੇ ਦੁਨੀਆਂ ਭਰ ਵਿੱਚ ਫੈਲੇ ਹੋਏ ਹਾਂ। ਆਰਥਿਕ ਤੌਰ 'ਤੇ ਅਸੀਂ ਸੌਖੇ ਹਾਂ। ਬਾਹਰਲੇ ਦੇਸ਼ਾਂ ਦੀ ਰਾਜਨੀਤਕ ਪ੍ਰਕ੍ਰਿਆ ਨੂੰ ਅਸੀਂ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਮਨੁੱਖੀ ਹੱਕਾਂ ਦੀਆਂ ਅਲੰਬਰਦਾਰ ਜਥੇਬੰਦੀਆਂ ਸਾਡੇ ਲਈ ਹਾਅ ਦਾ ਨਾਅਰਾ ਮਾਰ ਰਹੀਆਂ ਹਨ। ਪਿਛਲੇ 22 ਵਰ੍ਹਿਆਂ ਵਿੱਚ ਅੰਤਰਰਾਸ਼ਟਰੀ ਤੌਰ 'ਤੇ ਸਾਡੀ ਸਿੱਖ ਦੇ ਤੌਰ 'ਤੇ ਪਛਾਣ ਬਣੀ ਹੈ। ਨਗਰ ਕੀਰਤਨਾਂ ਵਿੱਚ ਕੇਸਰੀ ਦਸਤਾਰਾਂ ਅਤੇ ਚੁੰਨੀਆਂ ਲੈ ਕੇ ਲੱਖਾਂ ਦੀ ਗਿਣਤੀ ਵਿੱਚ ਸਿੰਘ-ਸਿੰਘਣੀਆਂ, ਭੁਜੰਗੀ ਸ਼ਾਮਲ ਹੋ ਰਹੇ ਹਨ। ਕੈਨੇਡੀਅਨ ਮੀਡੀਏ, ਭਾਰਤੀ ਏਜੰਸੀਆਂ ਅਤੇ ਭਾਰਤ ਸਰਕਾਰ ਦੇ ਭਾਰੀ ਦਬਾਅ ਦੇ ਬਾਵਜੂਦ ਜਿਵੇਂ ਸਰੀ ਅਤੇ ਟਰਾਂਟੋ ਵਿੱਚ ਵਿਸਾਖੀ ਦੇ ਨਗਰ ਕੀਰਤਨਾਂ ਮੌਕੇ ਲੱਖਾਂ ਸਿੱਖ ਸੰਗਤਾਂ ਨੇ ਖਾਲਿਸਤਾਨ ਦੇ ਕਾਜ ਅਤੇ ਖਾਲਿਸਤਾਨੀ ਸ਼ਹੀਦਾਂ ਪ੍ਰਤੀ ਆਪਣੀ ਸਮਰਪਣ ਭਾਵਨਾ ਦਾ ਪ੍ਰਗਟਾਵਾ ਕੀਤਾ ਹੈ, ਇਹ ਖਾਲਿਸਤਾਨੀ ਸੰਘਰਸ਼ ਦੀ ਚੜ੍ਹਦੀ ਕਲਾ ਦਾ ਪ੍ਰਤੱਖ ਸਬੂਤ ਹੈ। ਮੁਸਲਮਾਨ ਭਾਈਚਾਰੇ ਨਾਲ ਜਿੰਨਾ ਮੇਲ ਮਿਲਾਪ ਅੱਜ ਹੈ, ਇੰਨਾ ਪਿਛਲੇ ਪੰਜ ਸੌ ਵਰ੍ਹਿਆਂ ਵਿੱਚ ਕਦੇ ਵੇਖਣ ਨੂੰ ਨਹੀਂ ਆਇਆ। ਹਿੰਦ ਸਰਕਾਰ ਦਾ ਗਾਂਧੀਵਾਦ ਚਿਹਰਾ ਅੱਜ ਦੁਨੀਆਂ ਦੀਆਂ ਨਜ਼ਰਾਂ ਵਿੱਚ ਹਿਟਲਰਵਾਦੀ ਬਣਕੇ ਸਾਹਮਣੇ ਆ ਚੁੱਕਾ ਹੈ। ਇੰਦਰਾ ਗਾਂਧੀ, ਜਨਰਲ ਵੈਦਿਆ, ਬੇਅੰਤੇ ਸਮੇਤ ਕਈ ਦੁਸ਼ਟ ਜੰਮਪੁਰੀ ਪਹੁੰਚਾਏ ਗਏ ਹਨ। ਬਾਕੀ ਡਰ ਡਰ ਕੇ ਜੀਵਨ ਦੀਆਂ ਘੜੀਆਂ ਬਿਤਾ ਰਹੇ ਹਨ। ਭਾਈ ਜਗਤਾਰ ਸਿੰਘ ਹਵਾਰਾ, ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਭਾਈ ਦਵਿੰਦਰਪਾਲ ਸਿੰਘ ਭੁੱਲਰ ਵਰਗੇ ਬਹਾਦਰ ਸਿੰਘ, ਜੇਲ੍ਹਾਂ ਦੀਆਂ ਕਾਲ ਕੋਠੜੀਆਂ ਅੰਦਰ ਅੱਜ ਵੀ ਖਾਲਿਸਤਾਨ ਦੇ ਤਰਾਨੇ ਗਾ ਰਹੇ ਹਨ। ਖਾਲਿਸਤਾਨ ਸ਼ਬਦ ਆਪਣਿਆਂ ਤੇ ਵਿਰੋਧੀਆਂ ਦੋਹਾਂ ਦੀ ਜ਼ੁਬਾਨ 'ਚੋਂ ਅਸਾਨੀ ਨਾਲ ਨਿਕਲ ਜਾਂਦਾ ਹੈ। ਖਾਲਿਸਤਾਨ ਦੀ ਪ੍ਰਾਪਤੀ ਦਾ ਨਿਸ਼ਾਨਾ ਮਿੱਥ ਕੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ ਇੰਟਰਨੈਸ਼ਨਲ, ਅਕਾਲੀ ਦਲ ਇੰਟਰਨੈਸ਼ਨਲ ਆਦਿ ਪਾਰਟੀਆਂ ਆਪੋ-ਆਪਣੇ ਵਿੱਤ ਅਨੁਸਾਰ ਯਤਨਸ਼ੀਲ ਹਨ। ਅੱਜ ਪੰਜਾਬ ਦੀ ਧਰਤੀ 'ਤੇ ਸਿੱਖ ਆਜ਼ਾਦੀ ਮਾਰਚ, ਬੰਦੀਛੋੜ ਖਾਲਸਾ ਮਾਰਚ, ਸ਼ਹੀਦੀ ਕਾਨਫਰੰਸਾਂ ਤੇ ਦੀਵਾਨਾਂ ਦੇ ਪ੍ਰੋਗਰਾਮ ਲਗਾਤਾਰ ਚੱਲ ਰਹੇ ਹਨ। ਭਾਵੇਂ ਕਿ ਇਸਦੀ ਕੀਮਤ ਭਾਈ ਦਲਜੀਤ ਸਿੰਘ ਖਾਲਸਾ, ਸਿਰਦਾਰ ਸਿਮਰਨਜੀਤ ਸਿੰਘ ਮਾਨ ਆਦਿ ਆਗੂਆਂ ਨੂੰ 'ਦੇਸ਼ਧ੍ਰੋਹ' ਦੇ ਮੁਕੱਦਮਿਆਂ ਵਿੱਚ ਜੇਲ੍ਹ-ਯਾਤਰਾ ਕਰਕੇ ਚੁਕਾਉਣੀ ਪੈ ਰਹੀ ਹੈ। ਕੀ ਇਹ ਸਭ ਪ੍ਰਾਪਤੀਆਂ ਸਾਡੇ ਸੀਮਤ ਸਾਧਨਾਂ ਤੇ ਘਰ ਦੇ ਭੇਤੀਆਂ ਦੀਆਂ ਗਦਾਰੀਆਂ ਦੇ ਬਾਵਜੂਦ ਘੱਟ ਹਨ?

ਅਨੰਦਪੁਰ ਸਾਹਿਬ ਦੀ ਇੱਕ ਲੜਾਈ ਵੇਲੇ ਨਿਸ਼ਾਨ ਸਾਹਿਬ ਚੁੱਕੀ ਆਲਮ ਸਿੰਘ ਅੱਗੇ ਨਿਕਲ ਗਏ ਅਤੇ ਦੁਸ਼ਮਣ ਦੇ ਘੇਰੇ ਵਿੱਚ ਆ ਗਏ। ਮੁਸਲਮਾਨ ਸੈਨਾਪਤੀ ਨੇ ਕਿਹਾ ਕਿ ਜੇ ਉਹ ਝੰਡਾ ਸੁੱਟ ਦੇਵੇ ਤਾਂ ਉਸ ਦੀ ਜਾਨ ਬਖਸ਼ੀ ਕਰ ਦਿੱਤੀ ਜਾਵੇਗੀ। ਸਿੰਘ ਦੇ ਨਾਂਹ ਕਰਨ 'ਤੇ ਸੈਨਾਪਤੀ ਨੇ ਕਿਹਾ ਕਿ ਉਸ ਦੀਆਂ ਬਾਹਾਂ ਕੱਟ ਦਿੱਤੀਆਂ ਜਾਣਗੀਆਂ ਤਾਂ ਉਸ ਨੇ ਕਿਹਾ ਕਿ ਮੈਂ ਪੈਰਾਂ ਨਾਲ ਨਿਸ਼ਾਨ ਸਾਹਿਬ ਫੜ ਲਵਾਂਗਾ। ਸੈਨਾਪਤੀ ਨੇ ਕਿਹਾ ਕਿ ਜੇ ਤੇਰੀਆਂ ਲੱਤਾਂ ਵੱਢ ਦਿੱਤੀਆਂ ਗਈਆਂ, ਫੇਰ ਕੀ ਕਰੇਂਗਾ? ਭਾਈ ਆਲਮ ਸਿੰਘ ਨੇ ਕਿਹਾ ਕਿ ਫੇਰ ਮੈਂ ਮੂੰਹ ਨਾਲ ਨਿਸ਼ਾਨ ਸਾਹਿਬ ਫੜ ਲਵਾਂਗਾ। ਸੈਨਾਪਤੀ ਨੇ ਕਿਹਾ, ਤੇਰਾ ਸਿਰ ਉਡਾ ਦਿੱਤਾ ਜਾਵੇਗਾ। ਇਹ ਸੁਣ ਕੇ ਭਾਈ ਆਲਮ ਸਿੰਘ ਨੇ ਕਿਹਾ ਕਿ ਮੈਂ ਸਿੱਖ ਦਾ ਫਰਜ਼ ਪੂਰਾ ਕਰ ਦਿਆਂਗਾ। ਅੱਗੇ ਨਿਸ਼ਾਨ ਸਾਹਿਬ ਦੇ ਮਾਲਕ ਕਲਗੀਧਰ ਪਾਤਸ਼ਾਹ ਨੇ ਵੇਖਣਾ ਹੈ ਕਿ ਇਸ ਨੂੰ ਕਿਵੇਂ ਉੱਚਾ ਰੱਖਣਾ ਹੈ। ਇਹ ਸੁਣ ਕੇ ਸੈਨਾਪਤੀ ਨੇ ਗੁੱਸੇ ਨਾਲ ਤਲਵਾਰ ਦਾ ਵਾਰ ਕੀਤਾ ਤੇ ਭਾਈ ਸਾਹਿਬ ਦੇ ਸ਼ਹੀਦ ਹੋਣ ਤੋਂ ਬਾਅਦ ਸਾਹਿਬਜ਼ਾਦਾ ਅਜੀਤ ਸਿੰਘ ਉੱਥੇ ਅੱਪੜ ਕੇ ਨਿਸ਼ਾਨ ਸਾਹਿਬ ਸੰਭਾਲ ਚੁੱਕੇ ਸਨ ਤੇ ਨਾਲ ਹੀ ਮੁਗਲ ਸੈਨਾਪਤੀ ਨੂੰ ਨਰਕਵਾਸੀ ਬਣਾ ਚੁੱਕੇ ਸਨ। ਇਹ ਹੈ ਸਿੱਖੀ ਸਿਦਕ ਅਤੇ ਵਿਸ਼ਵਾਸ਼।

ਖਾਲਿਸਤਾਨ ਦਿਵਸ ਦੇ ਮੌਕੇ 'ਤੇ ਭਾਈ ਆਲਮ ਸਿੰਘ ਵਰਗੀ ਦ੍ਰਿੜਤਾ ਤੇ ਗੁਰੂ ਵਿਸ਼ਵਾਸ ਦੋਹਰਾਉਣ ਦੀ ਲੋੜ ਹੈ। ਜੰਗ ਜਾਰੀ ਹੈ ਤੇ ਉਸ ਦਿਨ ਤੱਕ ਜਾਰੀ ਰਹੇਗੀ ਜਦੋਂ ਤੱਕ ਖਾਲਸਾ ਪੰਥ ਆਪਣੀ ਮੰਜ਼ਿਲ-ਏ-ਮਕਸੂਦ 'ਖਾਲਿਸਤਾਨ' ਹਾਸਲ ਨਹੀਂ ਕਰ ਲੈਂਦਾ। ਘੱਲੂਘਾਰੇ, ਪੁਰਾਤਨ ਸਿੰਘਾਂ ਦੇ ਰਾਜ ਲੈਣ ਦੇ ਇਰਾਦੇ ਨੂੰ ਭੁਲਾ ਨਹੀਂ ਸਨ ਸਕੇ ਤੇ ਅੱਜ ਦਾ ਦੌਰੇ-ਜ਼ੁਲਮ ਵੀ ਖਾਲਿਸਤਾਨ ਦੀ ਪ੍ਰਾਪਤੀ ਦੇ ਪੰਥਕ ਨਿਸ਼ਾਨੇ ਨੂੰ ਹਾਸਲ ਕਰਨ ਵਿੱਚ ਰੋਕ ਨਹੀਂ ਬਣ ਸਕਦਾ। ਪੰਥ ਨੇ ਬਹੁਤ ਪੈਂਡਾ ਤਹਿ ਕਰ ਲਿਆ ਹੈ। ਖੂੰਨੀ ਨਦੀ ਤਰ ਕੇ ਆਏ ਕੇਸਰੀ ਕਾਫਲੇ ਦੇ ਸ਼ਾਹ ਸਵਾਰਾਂ ਨੂੰ - ਮੰਜ਼ਿਲ ਖੜ੍ਹੀ ਉਡੀਕ ਰਹੀ ਹੈ। ਆਓ! ਇਸ 22ਵੀਂ ਵਰ੍ਹੇਗੰਢ ਮੌਕੇ 'ਤੇ ਖਾਲਿਸਤਾਨ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸਿਰ ਝੁਕਾਉਂਦੇ ਹੋਏ ਇਹ ਪ੍ਰਣ ਦੋਹਰਾਈਏ ਕਿ ਖਾਲਿਸਤਾਨ ਦੀ ਪ੍ਰਾਪਤੀ ਤੱਕ ਚੈਨ ਨਾਲ ਨਹੀਂ ਬੈਠਾਂਗੇ। ਗੁਰੂ ਅੰਗ ਸੰਗ ਸਹਾਈ ਹੋਵੇਗਾ।

ਖਾਲਿਸਤਾਨ ਜਿੰਦਾਬਾਦ!